ਤੀਰ ਦੇ ਨਿਸ਼ਾਨ ਵਾਲੇ ਲਿੰਕ ਤੇ ਕਲਿੱਕ ਕਰਕੇ ਸਿੱਖ ਸਪੋਕਸਮੈਨ ਦਾ ਨਵਾਂ ਅੰਕ ਪੜ੍ਹੋ ਜੀ

ਸਿੱਖ ਸਪੋਕਸਮੈਨ

ਸਿੱਖਾਂ ਜਗਤ ਦੀ ਸਹੀ ਸੋਚ ਅਤੇ ਜਾਣਕਾਰੀ ਲਈ

ਹੋਮ | ਸੰਪਾਦਕੀ ਲੇਖ | ਵਿਸ਼ੇਸ਼ ਲੇਖ | ਪਿਛਲੇ ਵੀਕਲੀ ਅੰਕ | ਪਿਛਲੇ ਰੋਜ਼ਾਨਾ ਅੰਕ | ਵੀਡੀਓ ਲਾਇਬ੍ਰੇਰੀ

ਸਾਡੇ ਬਾਰੇ
ਸੰਪਰਕ ਕਰੋ

ਸਿੱਖ ਸਪੋਕਸਮੈਨ ਤਾਜ਼ਾ ਅੰਕ

ਬਾਦਲ ਵਲੋਂ ਨਸ਼ਿਆਂ ਦੇ ਕਾਰੋਬਾਰ ਨਾਲ ਜੁੜੇ ਮਾਮਲੇ ਦੀ ਨਿਆਂਇਕ ਜਾਂਚ ਦੀ ਮੰਗ ਰੱਦ

ਦੋਦਾ – ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿਦਰ ਸਿੰਘ ਵੱਲੋਂ ਨਸ਼ਿਆਂ ਦੇ ਕਾਰੋਬਾਰ ਨਾਲ ਜੁੜੇ ਮਾਮਲੇ ਦੀ ਨਿਆਂਇਕ ਜਾਂਚ ਕਰਵਾਉਣ ਦੀ ਮੰਗ ਨੂੰ ਸਿਰੇ ਤੋਂ ਖਾਰਿਜ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਸ: ਪਰਕਾਸ਼ ਸਿੰਘ ਬਾਦਲ ਨੇ ਅੱਜ ਸਪਸ਼ਟ ਸ਼ਬਦਾਂ ਵਿਚ ਆਖਿਆ ਕਿ ਸਾਬਕਾ ਮੁੱਖ ਮੰਤਰੀ ਸਮੇਤ ਕਾਂਗਰਸੀ ਨੇਤਾਵਾਂ ਨੂੰ ਅਜਿਹੀ ਕਿਸੇ ਵੀ ਮੰਗ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਕਿਉਂਜੋ ਇਸ ਨਾਲ ਸੂਬੇ ਦੇ ਪੁਲਸ ਵੱਲੋਂ ਕੀਤੀ ਜਾ ਰਹੀ ਜਾਂਚ ਵਿਚ ਵਿਘਨ ਪੈਂਦਾ ਹੈ। ਅੱਜ ਰਿੰਦਰਬਾਹਾ ਹਲਕੇ ਵਿਚ ਸੰਗਤ ਦਰਸ਼ਨ ਪ੍ਰੋਗਰਾਮ ਦੌਰਾਨ ਇੱਥੇ ਪੋਤਰਕਾਰਾਂ ਨਾਲ ਗੰਲਬਾਤ ਦੌਰਾਨ ਮੁੱਖ ਮੰਤਰੀ ਨੇ ਆਖਿਆ ਕਿ ਪੰਜਾਬ ਪੁਲਸ ਨੇ ਇਸ ਕਾਰੋਬਾਰ ਦਾ ਭਾਂਡਾ ਭੰਨਿਆ ਹੈ ਅਤੇ ਪੁਲਸ ਵੱਲੋਂ ਪੂਰੀ ਸੂਝ-ਬੂਝ ਨਾਲ ਸਾਰੇ ਪੱਖਾਂ ਤੋਂ ਇਸ ਮਾਮਲੇ ਦੀ ਬਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾਂ ਆਖਿਆ ਕਿ ਸੂਬਾ ਸਰਕਾਰ ਨੂੰ ਪੰਜਾਬ ਪੁਲਸ ਦੀ ਕਾਰਜਪ੍ਰਣਾਲੀ ਵਿਚ ਪੂਰਨ ਭਰੋਸਾ ਹੈ ਅਤੇ ਇਸ ਕਰਕੇ ਕਾਂਗਰਸੀ ਨੇਤਾਵਾਂ ਨੂੰ ਅਜਿਹੀ ਬਿਆਨਬਾਜ਼ੀ ਨਾਲ ਪੁਲਸ ਦੇ ਕੰਮਕਾਜ ਵਿਚ ਦਖਲ ਦੇਣ ਤੋਂ ਬੁਰਜ ਰਹਿਣ ਚਾਹੀਦਾ ਹੈ। ਉਨ੍ਹਾਂ ਆਖਿਆ ਕਿ ਜਾਂਚ ਏਜੰਸੀ ਨੂੰ ਆਪਣਾ ਕੰਮ ਅਸਾਦਾਨਾ ਤੌਰ ਤੇ ਕਰਨ ਦਿੱਤਾ ਜਾਵੇ। ਸ: ਬਾਦਲ ਨੇ ਆਖਿਆ ਕਿ ਉਹ ਖੰਲ ਰਹੀ ਜਾਂਚ ਦੌਰਾਨ ਹੋਰ ਕਿਸੇ ਵੀ ਤਰਾਂ ਦੀ ਟਿਪਣੀ ਨਹੀਂ ਕਰਣਗੇ ਕਿਉਂਕਿ ਇਸ ਨਾਲ ਜਾਂਚ ਪ੍ਰਕਿਆ ਪ੍ਰਭਾਵਿਤ ਹੁੰਦੀ ਹੈ। ਨਾਲ ਹੀ ਉਨ੍ਹਾਂ ਇਹ ਵੀ ਭਰੋਸਾ ਦਿੱਤਾ ਕਿ ਕਾਨੂੰਨ ਆਪਣਾ ਕੰਮ ਕਰੇਗਾ ਅਤੇ ਜੋ ਵੀ ਨਸ਼ਿਆਂ ਦੇ ਇਸ ਕਾਰੋਬਾਰ ਵਿਚ ਦੋਸ਼ੀ ਪਾਇਆ ਗਿਆ ਉਸ ਨਾਲ ਸਖ਼ਤੀ ਨਾਲ ਨਿਪਟਿਆ ਜਾਵੇਗਾ। ਇਸ ਤੋਂ ਪਹਿਲਾਂ ਭਾਰੀ ਮੀਂਹ ਕਾਰਨ ਫਸਲਾਂ ਖ਼ਸ ਤੋਂ ਤੇ ਘਰਾਂ ਦੇ ਹੋਏ ਭਾਰੀ ਨੁਕਸਾਨ ਤੇ ਡੂੰਘੀ ਚਿੰਤਾ ਜਾਹਿਰ ਕਰਦਿਆਂ ਸ: ਬਾਦਲ ਨੇ ਆਪਣੇ ਸੰਬੋਧਨ ਵਿਚ ਆਖਿਆ ਕਿ ਸੂਬਾ ਸਰਕਾਰ ਪ੍ਰਭਾਵਿਤ ਪਰਿਵਾਰਾਂ ਨੂੰ ਸੰਕਟ ਦੀ ਇਸ ਘੜੀ ਵਿਚ ਹਰੇਕ ਤਰਾਂ ਦਾ ਸੰਭਵ ਸਹਿਯੋਗ ਦੇਣ ਲਈ ਵਚਨਬੱਧ ਹੈ। ਉਨ੍ਹਾਂ ਨੇ ਡਿਪਟੀ ਕਮਿਸ਼ਨਰ ਸਮੇਤ ਸਬੰਧਤ ਅਧਿਕਾਰੀਆਂ ਨੂੰ ਹੁਕਮ ਦਿੱਤੇ ਕਿ ਨੁਕਸਾਨੇ ਗਏ ਘਰਾਂ ਦਾ ਸਰਵੇਖਣ 15 ਦਿਨਾਂ ਵਿਚ ਮੁਕੰਮਲ ਕੀਤਾ ਜਾਵੇ ਤਾਂ ਜੋ ਪੀੜਤ ਪਰਿਵਾਰਾਂ ਨੂੰ ਢੁਕਵਾਂ ਮੁਆਵਜਾ ਦਿੱਤਾ ਜਾ ਸਕੇ। ਸ: ਬਾਦਲ ਨੇ ਅਧਿਕਾਰੀਆਂ ਨੂੰ ਇਹ ਵੀ ਤਾਕਤਾਂ ਕੀਤੀ ਕਿ ਇਸ ਸਬੰਧ ਵਿਚ ਕਿਸੇ ਵੀ ਤਰਾਂ ਦੀ ਲਾਪਰਵਾਹੀ ਸਹਿਣ ਨਹੀਂ ਕੀਤੀ ਜਾਵੇਗੀ। ਕਿਸਾਨਾਂ ਦੀ ਮੰਦਹਾਲੀ ਲਈ ਕਾਂਗਰਸ ਦੀ ਅਗਵਾਈ ਵਾਲੀ ਯੂ.ਪੀ.ਏ. ਸਰਕਾਰ ਨੂੰ ਸਿੱਧੇ ਤੌਰ ਤੇ ਜਿੰਮੇਵਾਰ ਠਹਿਰਾਉਂਦਿਆਂ ਮੁੱਖ ਮੰਤਰੀ ਨੇ ਆਖਿਆ ਕਿ ਕੇਂਦਰ ਸਰਕਾਰ ਦੀ ਕਿਸਾਨ ਵਿਰੋਧੀ ਨੀਤੀਆਂ ਕਰਕੇ ਖੇਤੀਬਾੜੀ ਔਜ਼ ਲਾਹੇਵੰਦ ਪੇਸ਼ਾ ਨਹੀਂ ਰਹੀ। ਸ: ਬਾਦਲ ਨੇ ਕਿਸਾਨਾਂ ਨੂੰ ਖੇਤੀਬਾੜੀ ਤੇ ਸਹਾਇਕ ਧੰਦੇ ਅਪਨਾਉਣ ਦਾ ਸੱਦਾ ਦਿੰਦਿਆਂ ਆਖਿਆ ਕਿ ਇਸ ਨਾਲ ਸਿਰਫ ਉਨ੍ਹਾਂ ਦੀ ਆਮਦਨ ਵਿਚ ਵਾਧਾ ਹੋਵੇਗਾ ਸਗੋਂ ਉਨ੍ਹਾਂ ਨੂੰ ਮੰਜੂਦਾ ਖੇਤੀ ਸੰਕਟ ਵਿਚੋਂ ਬਾਹਰ ਕੱਢਣ ਲਈ ਵੀ ਸਹਾਈ ਹੋਵੇਗਾ।

ਬਾਦਲ ਦਲ ਨੂੰ ਦਿੱਲੀ ਦੀ ਸੱਤਾ 'ਚ ਹਿੱਸੇਦਾਰੀ ਕਿਉਂ ਨਹੀਂ ?

ਭਰਾਵਾਂ ਬਿਗੇਡ, ਜਿਸਦੀ ਮਾਂ ਸਿਖ ਪਰਿਵਾਰ ਹੈ ਅਤੇ ਭਾਜਪਾ ਉਸ ਪਰਿਵਾਰ ਦਾ ਅਹਿਮ ਹਿੱਸਾ ਹੈ, ਵੱਲੋਂ ਸਿੱਖੀ ਨੂੰ ਹੜੌਪਣ ਲਈ, ਸਿੱਖਾਂ ਨੂੰ ਹਿੰਦੂ ਧਰਮ ਦਾ ਅੰਗ ਸਿੱਧ ਕਰਨ ਲਈ, ਨਿਰੰਤਰ ਯਤਨ ਹੋ ਰਹੇ ਹਨ, ਇਸ ਸੰਚ, ਨੂੰ ਇਸ ਹਕੀਕਤ ਨੂੰ ਹਰ ਜਾਗਰੂਕ ਸਿੱਖ ਬਾਖੂਬੀ ਜਾਣਦਾ ਹੈ, ਉਸਦੇ ਬਾਵਜੂਦ ਸੌਤਾ ਲਾਲਸਾ ਲਈ, ਹਿੰਦੂ-ਸਿੱਖ ਭਾਈਚਾਰਕ ਏਕਤਾ ਦੇ ਮਿੱਠੇ ਬਹਾਨੇ ਥੱਲੇ, ਬਾਦਲ ਦਲ, ਭਾਜਪਾ ਦਾ ਭਾਈਵਾਲ ਬਣਿਆਂ ਹੋਇਆ ਹੈ। ਬਾਦਲ ਦਲ ਭਾਵੇਂ ਆਪਣੇ-ਆਪ ਨੂੰ ਭਾਜਪਾ ਦਾ ਭਾਈਵਾਲ ਮੰਨਦਾ ਸਮਝਦਾ ਰਹੇ, ਪ੍ਰੰਤੂ ਭਾਜਪਾ ਉਸਨੂੰ ਆਪਣੇ ਗੁਲਾਮ ਤੋਂ ਵੱਧ ਕੁਝ ਨਹੀਂ ਸਮਝਦੀ ਅਤੇ ਸਿੱਖੀ ਪ੍ਰਤੀ, ਸਿੱਖਾਂ ਪ੍ਰਤੀ, ਪੰਜਾਬੀ ਪ੍ਰਤੀ ਉਹ ਆਪਣੀ ਨਫ਼ਰਤ ਲਕਾਉਣ ਦਾ ਯਤਨ ਵੀ ਨਹੀਂ ਕਰਦੀ। ਜਦੋਂ ਵੀ ਸਿੱਖ ਭਾਵਨਾਵਾਂ ਦਾ ਮੁੱਦਾ ਉਠਦਾ ਹੈ, ਭਾਜਪਾ ਉਸਦਾ ਡੱਟਵਾਂ ਨੰਗਾ-ਚਿੱਟਾ ਵਿਰੋਧ ਕਰਦੀ ਹੈ। ਮੁੱਦਾ ਚਾਹੇ ਪੰਜਾਬੀ ਬੋਲੀ ਦਾ ਹੋਵੇ, ਪੰਜਾਬੀ ਸੂਬੇ ਦਾ ਹੋਵੇ, ਗੁਰੂ ਨਾਨਕ ਸਾਹਿਬ ਦੇ ਨਾਮ ਤੇ ਯੂਨੀਵਰਸਿਟੀ ਸਥਾਪਿਤ ਕਰਨ ਦਾ, ਸਾਕਾ ਦਰਬਾਰ ਸਾਹਿਬ ਦਾ ਹੋਵੇ, ਸ਼ਹੀਦਾਂ ਦੀ ਯਾਦਗਾਰ ਸਥਾਪਿਤ ਕਰਨ ਦਾ ਹੋਵੇ, ਆਪਣੀ ਕੌਮੀ ਨਾਇਕਾਂ ਦੀ ਫਾਂਸੀ ਦਾ ਹੋਵੇ, ਜੇਲ੍ਹ ਦੀਆਂ ਕਾਲ ਕੋਠਰੀਆਂ 'ਚ ਸੜ੍ਹ ਰਹੇ ਸਿੱਖਾਂ ਦਾ ਹੋਵੇ, ਭਾਜਪਾ ਨੇ ਅੰਮ੍ਰਿਤਾ ਇਨ੍ਹਾਂ ਮੁੱਦਿਆਂ ਤੇ ਡੌਟਵਾਂ ਵਿਰੋਧ ਕੀਤਾ ਹੈ ਅਤੇ ਲਗਾਤਾਰ ਕਰ ਰਹੀ ਹੈ। ਇਥੇ ਹੀ ਬ੸ ਨਹੀਂ ਗੁਰਬਾਣੀ, ਸਿੱਖੀ ਸਿਧਾਂਤਾਂ ਤੇ ਗੁਰੂ ਸਾਹਿਬਾਨ ਦੀ ਉਚ ਸਸ਼ਸੀਅਤ ਨੂੰ ਵਿਗਾੜਨ ਤੋਂ ਵੀ ਭਰਾਵਾਂ ਬ੍ਰਿਗੇਡ ਸੰਕੋਚ ਨਹੀਂ ਕਰਦੀ। ਇਸਦੇ ਬਾਵਜੂਦ ਜੇ ਅਕਾਲੀ ਭਾਈ, ਇਸ ਸਿੱਖ ਵਿਰੋਧੀ ਧਿਰ ਨੂੰ ਆਪਣਾ ਭਾਈਵਾਲ ਆਖੀ ਜਾਣ, ਮੌਨੀ ਜਾਣ, ਸਮਝੀ ਜਾਣ ਤਾਂ ਇਹ ਉਨ੍ਹਾਂ ਦੀ ਸੌਤਾ ਲਾਲਸਾ ਕਾਰਣ ਮਾਰੀ ਗਈ ਮੱਤ ਤੇ ਔਨ੍ਹੀ ਤੇ ਢੁੱਕੀ ਅਕਲ ਦਾ, ਨੰਗਾ-ਚਿੱਟਾ ਸਬੂਤ ਹੈ। ਹੁਣ ਫ਼ਿਰ ਦਿੱਲੀ ਵਿਧਾਨ ਸਭਾ ਦੀਆਂ ਚੋਣਾਂ ਸਮੇਂ ਭਾਜਪਾ ਨੇ ਬਾਦਲ ਦਲ ਨੂੰ ਉਸਦੀ ਔਕਾਤ ਵਿਖਾਈ ਹੈ। ਪਹਿਲਾ ਬਾਦਲ ਦਲ ਵੱਲੋਂ ਮੰਗੀਆਂ ਜਾਂਦੀਆਂ 16 ਸੀਟਾਂ ਦੀ ਥਾਂ, ਉਸਨੂੰ ਚਾਰ ਸੀਟਾਂ ਦਿੱਤੀਆਂ, ਜਿਨ੍ਹਾਂ 'ਚੋਂ ਦੋ ਸੀਟਾਂ ਉਸਦੇ ਆਪਣਾ ਕਮਲ ਫੁੱਲ ਥੱਲੇ ਰੋਪੀਆਂ ਗਈਆਂ ਅਤੇ ਜਿਹੜੀ ਦੜ ਸੀਟਾਂ 'ਤੱਕੜੀ' ਚੋਣ ਨਿਸ਼ਾਨ, ਜਿਹੜਾ ਬਾਦਲ ਦਲ ਦਾ ਅਧਿਕਾਰਤ ਚੋਣ ਨਿਸ਼ਾਨ ਹੈ, 'ਤੇ ਲੜੀਆਂ ਜਾ ਰਹੀਆਂ ਹਨ, ਉਨ੍ਹਾਂ 'ਚੋਂ ਇਕ ਸੀਟ ਉਪਰ ਵੀ ਇਕ ਉਮੀਦਵਾਰ ਭਾਜਪਾ ਦਾ ਕੌਮਲਜ ਅਤੇ ਹਿੰਦੂ ਭਾਈਚਾਰੇ ਨਾਲ ਸਬੰਧਿਤ ਹੈ। ਭਾਜਪਾ ਨੇ ਬਾਦਲ ਦਲ ਨੂੰ ਸਿੱਧੇ-ਸਿੱਧਾ ਅਹਿਸਾਸ ਕਰਵਾਇਆ ਹੈ ਕਿ ਰੁਹਾਡੀ ਦਿੱਲੀ 'ਚ ਆਪਣੀ ਅਜਾਦ ਔਕਾਤ ਬਹੁਤੀ ਨਹੀਂ। ਅਸੀਂ ਥੋੜ੍ਹੀ ਇੜਜ ਰੌਖਣ ਲਈ ਆਪਣੇ ਖ਼ਾਤੇ ਤੇ ਬਲਬੂਤੇ ਤੇ ਰੁਹਾਡਾ ਖ਼ਾਤਾ ਦਿੱਲੀ ਵਿਧਾਨ ਸਭਾ 'ਚ ਖੁਲਵਾ ਕੇ, ਰੁਹਾਡੇ ਤੇ ਵੰਡਾ ਅਹਿਸਾਨ ਕਰ ਰਹੇ ਹਾਂ। ਇਥੇ ਹੀ ਬ੸ ਨਹੀਂ ਭਾਜਪਾ ਨੇ ਹੁਣ ਇਹ ਐਲਾਨ ਵੀ ਕਰ ਮਾਰਿਆ ਹੈ ਕਿ ਜੇ ਦਿੱਲੀ 'ਚ ਭਾਜਪਾ-ਅਕਾਲੀ ਦਲ ਗੰਠਜੋੜ ਦੀ ਸਰਕਾਰ ਬਣਦੀ ਹੈ ਤਾਂ ਉਸ ਸਰਕਾਰ 'ਚ ਅਕਾਲੀਆਂ ਦਾ ਕੋਈ ਮੰਤਰੀ ਨਹੀਂ ਹੋਵੇਗਾ। ਇਸ ਤੋਂ ਵੱਡੀ ਚਪੇਟ ਭਲਾ ਹੋਰ ਕੀ ਹੋ ਸਕਦੀ ਹੈ ? ਜੇ ਪੰਜਾਬ 'ਚ 117 ਮੈਂਬਰੀ ਵਿਧਾਨ ਸਭਾ 'ਚ ਸਿਰਫ 12 ਸੀਟਾਂ ਜਿੱਤ ਕੇ ਭਾਜਪਾ ਸੌਤਾ 'ਚ, ਵਜ਼ਾਰੀਆਂ 'ਚ, ਚੇਅਰਮੰਨੋਜੀਆਂ 'ਚ ਬਰਾਬਰ ਦੀ ਭਾਈਵਾਲ ਹੈ, ਫ਼ਿਰ ਬਾਦਲ ਦਲ ਨੂੰ ਦਿੱਲੀ ਦੀ ਸੌਤਾ 'ਚ ਹਿੱਸੇਦਾਰੀ ਕਿਉਂ ਨਹੀਂ ? ਅਸਲ 'ਚ ਭਾਜਪਾ 'ਚ ਬਾਦਲ ਦਲ ਨੂੰ ਵਾਰ-ਵਾਰ ਇਹ ਦੱਸ ਰਹੀ ਹੈ ਕਿ ਪੰਜਾਬ ਤੋਂ ਬਾਹਰ, ਭਾਜਪਾ ਨੂੰ ਬਾਦਲਕਿਆਂ ਦੀ ਨਹੀਂ, ਸਗੋਂ ਬਾਦਲਕਿਆਂ ਨੂੰ ਭਾਜਪਾ ਦੇ ਸਹਾਰੇ ਦੀ ਲੋੜ ਹੈ। ਉਹ ਆਪਣੀ ਇਸ ਭਾਈਵਾਲ ਪਾਰਟੀ ਨੂੰ ਬਰਾਬਰ ਦਾ ਭਾਈਵਾਲ ਨਹੀਂ, ਸਗੋਂ ਸਿਰਫ਼ ਤੇ ਸਿਰਫ਼ ਗੁਲਾਮ ਸਮਝਦੀ ਹੈ। ਭਾਜਪਾ ਦੇ ਪੁਰਾਤਨ ਪਿਛੋਕੜ ਅਤੇ ਵਰਤਮਾਨ ਵਿਵਹਾਰ ਦੇ ਬਾਵਜੂਦ ਬਾਦਲਕਿਆਂ ਦੇ ਸਿਰ, ਭਾਜਪਾ ਪ੍ਰੰਮ ਦਾ ਭੂਤ ਪੂਰੀ ਤਰ੍ਹਾਂ ਸਵਾਰ ਹੈ। ਉਹ ਦਿੱਲੀ 'ਚ ਭਾਜਪਾ ਦੀ ਸਰਕਾਰ ਲਈ ਅਤੇ ਕੇਂਦਰ 'ਚ ਮੋਦੀ ਨੂੰ ਇਸਦੁਇਣ ਲਈ ਇਨ-ਬਾਰ ਮੰਦੀ ਰਾਹ ਅਲਾਪਣ ਲੌਗ ਹੋਏ ਹਨ, ਜਦੋਂ ਕਿ ਗੁਜਰਾਤ 'ਚ ਸਿੱਖ ਕਿਸਾਨਾਂ ਤੇ ਨਿਰੰਤਰ ਹਮਲੇ ਹੋ ਰਹੇ ਹਨ ਅਤੇ ਉਨ੍ਹਾਂ ਦਾ ਗੁਜਰਾਤ 'ਚੋਂ ਉਜਾੜਾ ਲਗਭਗ ਪੱਕਾ ਮੰਨਿਆ ਜਾ ਰਿਹਾ ਹੈ। ਅਸੀਂ ਬਾਦਲ ਲਲ ਦੇ ਕਰਤੇ-ਧਰਤਿਆਂ ਨੂੰ ਇਹ ਜ਼ਰੂਰ ਅਖਾਂਗੇ ਕਿ ਬੇਗਾਨੀਆਂ ਬਾਹਾਂ ਤੇ ਮੌਗਵੀਆਂ ਵੌਡੀਆਂ ਨਾਲ ਲੜਾਈਆਂ ਨਹੀਂ ਜਿੱਤੀਆਂ ਜਾ ਸਕਦੀਆਂ। ਜੌਗਾਂ ਜਿੱਤਣ ਲਈ ਆਪਣੇ ਛੌਲਿਆਂ 'ਚ ਜਾਨ ਹੋਣੀ ਚਾਹੀਦੀ ਹੈ। ਪ੍ਰੰਤੂ ਬਾਦਲ ਨੇ ਪੰਜਾਬ ਦੀ ਜੁਆਨੀ, ਸਿੱਖੀ ਤੇ ਸਿੱਖ ਸਿਧਾਂਤਾਂ ਨੂੰ ਖੋਰਾ ਹੀ ਨਹੀਂ ਸਗੋਂ ਖ਼ਤਮ ਕਰਨ ਲਈ ਭਰਾਵਾਂ ਬ੍ਰਿਗੇਡ ਦੇ ਮਿਸ਼ਨ ਨੂੰ ਪੂਰਤੀ ਦੇ ਹਥਿਆਰ ਬਣੇ ਹੋਏ ਹਨ, ਇਸ ਲਈ ਆਪਣੇਆਂ ਬਾਹਾਂ ਨੂੰ ਹੁਰ ਨਕਾਰਾ ਕਰਨ 'ਚ ਰੁੱਝੇ ਹੋਏ ਹਨ, ਆਪਣੇ ਇਸ ਗਲਤੀ ਦਾ ਅਹਿਸਾਸ, ਭਾਜਪਾ ਵੌਲੋਂ ਮਾਰੀ ਕਰਾਰੀ ਚਪੇਟ ਦੇ ਬਾਵਜੂਦ ਜੇ ਅਸੀਂ ਨਹੀਂ ਕਰਦੇ ਤਾਂ ਹੋਰ ਜ਼ਲਾਲਤ ਝੌਣਣ ਲਈ ਤਿਆਰ ਰਹਿਣਾ ਚਾਹੀਦਾ ਹੈ। ਪਰ ਜ਼ਲਾਲਤ ਦਾ ਅਹਿਸਾਸ ਵੀ ਜਿੳਂਦੀਆਂ ਜ਼ਮੀਰਾਂ ਅਖਾਂਦਾਂ ਵਾਲਿਆਂ ਨੂੰ ਹੀ ਹੁੰਦਾ ਹੈ, ਵਿਕਾਊ ਜ਼ਮੀਰਾਂ ਲਈ 'ਅਣਜ਼, ਰੀਰਤ' ਕੋਈ ਅਰਥ ਨਹੀਂ ਰੌਖਦੀ-ਇਹ ਵੀ ਹਕੀਕਤ ਹੈ।

ਸੁਖਬੀਰ ਬਾਦਲ ਵੱਲੋਂ ਅਜਨਾਲਾ ਪਿਉ-ਪੁੱਤਰ ਨੂੰ ਕਲੀਨ ਚਿੱਟ

ਚੰਡੀਗੜ੍ਹ – ਉਪ ਮੁੱਖ ਮੰਤਰੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਨਸ਼ਾ ਸਮਗਲਿੰਗ ਦੇ ਕੇਸ ਵਿਚ ਸੰਸਦ ਮੌਂਬਰ ਰਤਨ ਸਿੰਘ ਅਜਨਾਲਾ ਅਤੇ ਉਨ੍ਹਾਂ ਦੇ ਵਿਧਾਇਕ ਪੁੱਤਰ ਅਮਰਪਾਲ ਸਿੰਘ ਬੌਨੀ ਅਜਨਾਲਾ ਨੂੰ ਕਲੀਨ ਚਿੱਟ ਦੇ ਦਿੱਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਨ੍ਹਾਂ ਦੋਹਾਂ ਦਾ ਨਸ਼ਿਆਂ ਦੀ ਸਮਗਲਿੰਗ ਨਾਲ ਕੋਈ ਸਬੰਧ ਨਹੀਂ ਹੈ। ਇਥੇ ਪ੍ਰੈਸ ਕਾਨਫਰੰਸ ਦੌਰਾਨ ਸ੍ਰੀ ਬਾਦਲ ਨੇ ਕਿਹਾ ਕਿ ਵਿਰੋਧੀ ਧਿਰ ਨੂੰ ਅਜਿਹੀਆਂ ਨਿਮੌਜਾਂ ਕੱਢਣ ਦੀ ਥਾਂ ਪੁਲੀਸ ਨੂੰ ਭਾਬਾਸ਼ ਦੇਣੀ ਚਾਹੀਦੀ ਹੈ ਜਿਸ ਨੇ ਨਸ਼ਿਆਂ ਖ਼ਿਲਾਫ਼ ਮੁਹਿੰਮ ਤੇਜ਼ ਕੀਤੀ ਹੈ। ਇਸ ਮੌਕੇ ਉਨ੍ਹਾਂ ਗੁਜਰਾਤ ਦੇ ਮੁੱਖ ਮੰਤਰੀ ਅਤੇ ਭਾਜਪਾ ਵੱਲੋਂ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਨਰਿਦਰ ਮੋਦੀ ਦੀ ਰੱਜ ਕੇ ਸ਼ਲਾਘਾ ਕੀਤੀ ਅਤੇ ਕਿਹਾ ਕਿ ਸ੍ਰੀ ਮੋਦੀ ਆਉਣ ਵਾਲੇ ਕੌਮੀ ਚੌਪੀਨਾਂ ਹਨ। ਸਵਰਖ਼ਤਾਂ ਵਿਚ ਵੀ ਇਹ ਗੰਲ ਸਾਹਮਣੇ ਆ ਚੁੱਕੀ ਹੈ। ਕਾਂਗਰਸ ਕੰਲ ਉਨ੍ਹਾਂ ਦੇ ਮੁਕਾਬਲੇ ਲਈ ਕੋਈ ਲੀਡਰ ਹੀ ਨਹੀਂ ਹੈ। ਉਥੇ ਕੀ ਕਾਂਗਰਸ ਨੇ ਹਮੇਸ਼ਾ ਲੋਕ ਹਿੱਤਾਂ ਦੀ ਥਾਂ ਪਰਿਵਾਰ ਦੇ ਹਿੱਤਾਂ ਨੂੰ ਪਹਿਲ ਦਿੱਤੀ ਹੈ।

ਬਾਦਲ ਪਰਿਵਾਰ ਲੋਕਾਂ ਦੀ ਡਾਂਗਾਂ ਨਾਲ ਕਰ ਰਿਹਾ ਸੇਵਾ : ਬਾਜਵਾ

ਜੀਰਾ – ਡਰੰਗ ਸਮਗਲਿੰਗ ਦੇ ਮਾਮਲੇ ਵਿੱਚ ਗ੍ਰਿਫ਼ਤਾਰ ਜਗਦੀਸ਼ ਭੋਲਾ ਅਤੇ ਬਿੱਟੂ ਐਲਖ ਦੇ ਤਾਰ ਕਿਉਂਕਿ ਅੰਤਰਰਾਸ਼ਟਰੀ ਪੱਧਰ 'ਤੇ ਜੁੜੇ ਹੋਏ ਹਨ। ਇਸ ਕਰਕੇ ਪੰਜਾਬ ਦੀ ਬਾਦਲ ਸਰਕਾਰ ਇਸ ਮਾਮਲੇ ਦੀ ਜਾਂਚ ਸੀ.ਬੀ.ਆਈ. ਜਾਂ ਨਾਰਕੋਟਿਕ ਕੰਟਰੋਲ ਬਿਊਰੋ ਤੋਂ ਕਰਵਾਏ। ਇਹ ਵਿਚਾਰ ਜਨ ਸੰਪਰਕ ਮੁਹਿੰਮ ਤਹਿਤ ਵਿਧਾਨ ਸਭਾ ਹਲਕਾ ਜੀਰਾ ਵਿਖੇ ਕੀਤੀ ਗਈ ਕਾਂਗਰਸ ਪਾਰਟੀ ਦੀ ਰੈਲੀ ਵਿੱਚ ਇਕੱਤਰ ਲੋਕਾਂ ਨੂੰ ਸੰਬੋਧਨ ਕਰਦਿਆਂ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਪ੍ਰਗਟਾਏ। ਉਨ੍ਹਾਂ ਕਿਹਾ ਕਿ ਜੇਕਰ ਇਸ ਮਾਮਲੇ ਦੀ ਜਾਂਚ ਸੀ.ਬੀ.ਆਈ. ਜਾਂ ਨਾਰਕੋਟਿਕ ਕੰਟਰੋਲ ਬਿਊਰੋ ਤੋਂ ਕਰਵਾਈ ਜਾਵੇ ਤਾਂ ਬਾਦਲ ਸਰਕਾਰ ਦੇ ਕਈ ਮੰਤਰੀ ਇਸ ਮਾਮਲੇ ਵਿੱਚ ਫਸ ਸਕਦੇ ਹਨ। ਉਨ੍ਹਾਂ ਕਿਹਾ ਕਿ ਉਹ ਖ਼ੁਦ ਕੇਂਦਰੀ ਗ੍ਰਹਿ ਮੰਤਰੀ ਸ਼੍ਰੲੀਲ ਕੁਮਾਰ ਸ਼ਿੰਦੇ ਨੂੰ ਮਿਲ ਕੇ ਇਸ ਮਾਮਲੇ ਦੀ ਜਾਂਚ ਉਕਤ ਏਜੰਸੀਆਂ ਤੋਂ ਕਰਵਾਉਣ ਦੀ ਮੰਗ ਕਰ ਚੁੱਕੇ ਹਨ। ਉਨ੍ਹਾਂ ਕਿਹਾ ਕਿ ਕਾਸ਼ ਨਹੀਂ ਸਿਵਾ ਦੇ ਨਾਅਰੇ ਹੇਠ ਪੰਜਾਬ ਦੀਆਂ ਵਿਧਾਨ ਸਭਾ ਚੋਣ ਜਿੱਤਣ ਤੋਂ ਬਾਅਦ ਬਾਦਲ ਪਰਿਵਾਰ ਲੋਕਾਂ ਦੀ ਡਾਂਗਾਂ ਨਾਲ ਸੇਵਾ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਦੀ ਹਿਤੈਸ਼ੀ ਅਖਵਾਉਣ ਵਾਲੀ ਬਾਦਲ ਸਰਕਾਰ ਦੇ ਰਾਜ ਵਿੱਚ ਇਸ ਥੰਨੇ ਦੇ ਸੀਲਨ ਵਿੱਚ ਅਕਾਲੀ ਹਮਾਇਤੀਆਂ ਨੇ ਥੰਨੇ ਦੀ ਖਰੀਦ ਵਿੱਚ 4 ਹਜ਼ਾਰ ਕਰੋੜ ਰੁਪਏ ਦੀ ਕਮਾਈ ਕੀਤੀ।

ਨਿਆਂਇਕ ਜਾਂਚ ਤੋਂ ਕਿਉਂ ਭੱਜ ਰਹੇ ਨੇ ਬਾਦਲ: ਕੈਪਟਨ ਅਮਰਿੰਦਰ ਸਿੰਘ

ਚੰਡੀਗੜ੍ਹ – ਸਾਬਕਾ ਮੁੱਖ ਮੰਤਰੀ ਤੇ ਕਾਂਗਰਸ ਵਰਕਿੰਗ ਕਮੇਟੀ ਦੇ ਮੌਂਬਰ ਕੈਪਟਨ ਅਮਰਿਦਰ ਸਿੰਘ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਦ

Page 1 2 3 4 5 6 7 8 9 10 11 12 13 14 15 16